# ਅੰਦੋਲਨ ਮੋਰਚੇ ਹੜਤਾਲਾਂ ਅਤੇ ਬੰਦ ਸਰਕਾਰਾਂ ਲਈ ਵਿਅਰਥ



ਸਾਡਾ ਮੁਲਕ ਅਗੇ ਹੀ ਭੀੜ ਹੈ ਅਤੇ ਬਾਹਰੋਂ ਆਇਆ ਹਰ ਯਾਤਰੀ ਇਹੀ ਆਖੀ ਜਾਂਦਾ ਹੈ ਇਹ ਆਬਾਦੀ ਨਹੀਂ ਹੈ ਬਲਕਿ ਭੀੜ ਹੈ। ਸਾਡੀ ਆਬਾਦੀ ਬਹੁਤ ਹੀ ਜ਼ਿਆਦਾ ਹੈ ਅਤੇ ਅਜ ਤਕ ਸਰਕਾਰ ਵਲੋਂ ਆਬਾਦੀ ਵਧਣੀ ਰੋਕਣ ਲਈ ਜੋ ਵੀ ਉਪਾਉ ਕੀਤੇ ਗਏ ਹਨ ਸਾਰੇ ਫੇਲ੍ਹ ਹੋ ਗਏ ਹਨ। ਇਸ ਭੀੜ ਦੇ ਬਾਵਜੂਦ ਇਸ ਦੇਸ਼ ਵਿੱਚ ਇਹ ਜਿਹੜੇ ਵੀ ਰਾਜਸੀ ਲੋਕ ਹਨ ਇਹ ਕਦੀ ਜਲਸੇ, ਕਦੀ ਜਲੂਸ, ਕਦੀ ਰੈਲੀਆਂ, ਕਦੀ ਹੜਤਾਲਾਂ, ਕਦੀ ਭੁਖ ਹੜਤਾਲਾ, ਕਦੀ ਅੰਦੋਲਨ, ਕਦੀ ਮੋਰਚਾ ਲਗਾਈ ਹੀ ਰਖਦੇ ਹਨ ਅਤੇ ਇਥੇ ਭੀੜ ਨੂੰ ਕੁਝ ਹੋਰ ਹੀ ਬਣਾ ਦਿਤਾ ਜਾਂਦਾ ਹੈ। ਕਿਤਨੇ ਹੀ ਲੋਕੀਂ ਨਾਹਰੇ ਲਗਾਈ ਜਾਂਦੇ ਹਨ, ਕਦੀ ਜ਼ਿੰਦਾ ਬਾਦ, ਕਦੀ ਮੁਰਦਾ ਬਾਦ ਅਤੇ ਸੱਚ ਇਹ ਵੀ ਹੈ ਕਿ ਅਗਰ ਕੋਈ ਰਾਹਗੀਰ ਇਹ ਪੁਛ ਬੈਠੇ ਕਿ ਭਾਈ ਇਹ ਕਾਸਲਈ ਜਲੂਸ ਕਢਿਆ ਹੈ ਤਾਂ ਜਲੂਸ ਵਿੱਚ ਸ਼ਾਮਲ ਕੋਈ ਵੀ ਆਦਮੀ ਜਲਦੀ ਕੀਤਿਆਂ ਇਹ ਦਸ ਹੀ ਨਹੀਂ ਪਾਉਂਦਾ ਕਿ ਉਹ ਕਾਸ ਲਈ ਇਹ ਜ਼ਿੰਦਾ ਬਾਦ ਅਤੇ ਇਹ ਮੁਰਦਾ ਬਾਦ ਆਖੀ ਜਾ ਰਿਹਾ ਹੈ। ਅਤੇ ਇਹ ਜਿਹੜੇ ਵੀ ਲੋਕੀਂ ਇਹ ਜਲਸੇ ਜਲੂਸ ਅਤੇ ਰੈਲੀਆਂ ਵਿੱਚ ਭਾਗ ਲੈਕੇ ਘਰ ਪੁਜਦੇ ਹਨ ਇਹ ਦਸ ਹੀ ਨਹੀਂ ਸਕਦੇ ਹਨ ਕਿ ਉਥੇ ਹੋਇਆ ਕੀ ਹੈ ਬਲਕਿ ਇਹ ਕਹਾਣੀਆ ਸੁਣਾਈ ਜਾ ਰਹੇ ਹਨ ਕਿ ਕਿਵੇਂ ਉਨ੍ਹਾਂ ਨੂੰ ਉਥੇ ਪੁਚਾਇਆ ਗਿਆ ਸੀ ਅਤੇ ਜਦ ਵਾਪਸੀ ਦਾ ਵਕਤ ਆ ਗਿਆ ਤਾਂ ਉਹ ਗਡੀ ਹੀ ਲਭ ਨਹੀਂ ਸੀ ਰਹੀ ਜਿਹੜੀ ਲੈਕੇ ਗਈ ਸੀ ਅਤੇ ਵਿਚਾਰਾ ਧਕੇ ਖਾਂਦਾ ਭੁਖਾ ਭਾਣਾ ਮਸਾ ਮਸਾਂ ਘਰ ਵਾਪਸ ਆਇਆ ਹੈ।

ਸਾਡੇ ਮੁਲਕ ਵਿੱਚ ਰਾਜਸੀ ਲੋਕਾਂ ਦਾ ਰਾਜ ਹੈ ਅਤੇ ਇਹ ਰਾਜਸੀ ਲੋਕੀਂ ਵੀ ਚੋਣਾਂ ਤੋਂ ਪਹਿਲਾਂ ਮੁਲਕ ਵਿੱਚ ਜਲਸੇ, ਜਲੂਸ, ਰੈਲੀਆਂ ਕਰਦੇ ਹਨ ਅਤੇ ਕਦੀ ਕਦੀ ਸਾਡੇ ਮੁਲਕ ਦੀਆਂ ਵਿਰੋਧੀ ਧਿਰਾਂ ਵੀ ਐਸੇ ਹੀ ਜਲਸੇ, ਜਲੂਸ, ਰੈਲੀਆਂ ਅਤੇ ਹੜਤਾਲਾ, ਬੰਧ ਆਦਿ ਵੀ ਕਰਾਉਂਦੇ ਹਨ ਅਤੇ ਇਹ ਰਾਜਸੀ ਧਿਰਾਂ ਜਾਣਦੀਆਂ ਹਨ ਕਿ ਅਜ ਦੇ ਸਮਿਆਂ ਵਿੱਚ ਲੋਕਾਂ ਪਾਸ ਸਮਾਂ ਹੀ ਨਹੀਂ ਹੈ ਅਤੇ ਇਸ ਲਈ ਹਰ ਪਾਰਟੀ ਦੇ ਵਰਕਰ ਆਪਣੇ ਆਪਣੇ ਇਲਾਕੇ ਚੋਂ ਇਹ ਇਕਠ ਕਰਦੇ ਹਨ ਅਤੇ ਮਿਥੀ ਥਾਂ ਤਕ ਪੁਚਾਉਂਦੇ ਹਨ ਅਤੇ ਬਹੁਤੀ ਵਾਰੀਂ ਕਾਮਿਆਂ ਨੂੰ ਦਿਹਾੜੀਆਂ ਵੀ ਦੇਣੀਆਂ ਪੈਂਦੀਆਂ ਹਨ ਅਤੇ ਇਹ ਨਾਹਰੇ ਅਤੇ ਪਿਟੀ-ਸਆਪਾ ਕਰਨ ਵਾਲਿਆਂ ਦੀ ਸਿਖਲਾਈ ਉਤੇ ਵੀ ਪੈਸਾ ਖਰਚ ਕਰਨਾ ਪੈਂਦਾ ਹੈ ਅਗਰ ਕੋਈ ਇਹ ਆਖੇ ਕਿ ਭਾਰਤ ਦੇ ਲੋਕੀਂ ਕਿਸੇ ਜਲਸੇ ਜਲੂਸ, ਰੈਲੀ ਜਾਂ ਹੜਤਾਲ ਵਿੱਚ ਦਿਲੋਂ ਸ਼ਾਮਲ ਹੁੰਦੇ ਹਨ ਤਾਂ ਐਸਾ ਸੋਚਣਾ ਗਲਤ ਹੈ। ਇਹੀ ਕਾਰਨ ਹੈ ਜਦ ਵਿਰੋਧੀ ਧਿਰਾਂ ਕੋਈ ਵਿਰੋਧਤਾ ਕਰਦੀਆਂ ਹਨ ਤਾਂ ਵਕਤ ਦੀਆਂ ਸਰਕਾਰਾਂ ਬੇਫਿਕਰ ਹੀ ਰਹਿੰਦੀਆਂ ਹਨ ਅਤੇ ਜਾਣਦੀਆ ਵੀ ਹਨ ਕਿ ਸਭ ਵਕਤੀ ਜਿਹੀ ਗਲ ਹੈ, ਆਪੇ ਦੋ ਚਾਰ ਦਿੰਨਾਂ ਬਾਅਦ ਠੰਡੇ ਹੋਕੇ ਬੈਠ ਜਾਣਗੇ।

ਸਾਡੇ ਮੁਲਕ ਵਿੱਚ ਇਸ ਸਰਕਾਰ ਨੇ ਇਹ ਜਿਹੜੇ ਤਿੰਨ ਖੇਤੀ ਬਿਲ ਪਾਸ ਕੀਤੇ ਹਨ ਵਿਰੋਧੀ ਧਿਰਾਂ ਨੇ ਇਹ ਆਖ ਦਿੱਤਾ ਹੈ ਕਿ ਇਹ ਬਿਲ ਕੁਝ ਕਾਰਪੋਰੇਟ ਅਦਾਰਿਆਂ ਨੂੰ ਲਾਭ ਪੁਚਾਉਣ ਲਈ ਬਣਾਏ ਗਏ ਹਨ ਅਤੇ ਇਹ ਇਲਜ਼ਾਮ ਵੀ ਲਗਾ ਦਿਤਾ ਹੈ ਕਿ ਇਹ ਅਦਾਰੇ ਵਕਤ ਦੇ ਪ੍ਰਧਾਨ ਮੰਤਰੀ ਦੀ ਚੋਣਾਂ ਦੋਰਾਨ ਪੈਸੇ ਦੀ ਮਦਦ ਕਰਦੇ ਰਹੇ ਹਨ। ਅਰਥਹਾਤ ਇਸ ਵਾਰੀਂ ਵਕਤ ਦੇ ਪ੍ਰਧਾਨ ਮੰਤਰੀ ਦੀ ਨੀਅਤ ਉਤੇ ਵੀ ਸ਼ੰਕਾ ਉਠਾ ਦਿਤੀ ਗਈ ਹੈ। ਅਤੇ ਜਦ ਮੁਲਕ ਦੇ ਕਿਸਾਨਾਂ ਨੇ ਕਾਨੂੰਨਨ ਖਤਮ ਕਰਨ ਲਈ ਅੰਦੋਲਨ ਸ਼ੁਰੂ ਕਰ ਦਿਤਾ ਸੀ ਤਾਂ ਇਹ ਵਿਰੋਧੀ ਪਾਰਟੀਆਂ ਚੁਪ ਕਰਕੇ ਬੈਠ ਗਈਆਂ ਹਨ ਅਤੇ ਇਕ ਕਿਸਮ ਦਾ ਤਮਾਸ਼ਾ ਦੇਖ ਰਹੀਆਂ ਹਨ। ਇਥੇ ਇਹ ਵੀ ਆਖਣਾ ਪੈਂਦਾ ਹੈ ਕਿ ਸਦਨ ਵਿੱਚ ਇਹ ਜਿਹੜੀਆਂ ਸਰਕਾਰੀ ਧਿਰਾਂ ਸਨ ਇਹ ਕਦੀ ਵੀ ਬਿਲਾਂ ਦੇ ਵਿਰੁਧ ਨਹੀਂ ਬੋਲੀਆਂ ਹਨ ਅਤੇ ਅਜ ਅਗਰ ਇਹ ਕਿਸਾਨਾ ਦਾ ਮੋਰਚਾ ਲਗਿਆ ਸਾਲ ਦਾ ਸਮਾਂ ਹੋ ਚਲਿਆ ਹੈ, ਅਜ ਤਕ ਇਹ ਸਰਕਾਰੀ ਧਿਰਾ ਵਿਚੋਂ ਹਾਲਾਂ ਤਕ ਕਿਸੇ ਨੇ ਵੀ ਲੋਕਾਂ ਸਾਹ-ਮਣੇ ਆਕੇ ਇਹ ਨਹੀਂ ਆਖਿਆ ਕਿ ਬਿਲ ਸਹੀ ਸਨ। ਅਰਥਹਾਤ ਸਰਕਾਰੀ ਧਿਰਾਂ ਵੀ ਚੁਪ ਹਨ ਅਤੇ ਆਖ ਨਹੀਂ ਪਾ ਰਹੀਆਂ ਕਿ ਸਾਰਾ ਕੁਝ ਦਬਾਉ ਤਲੇ ਕਰਵਾ ਲਿਆ ਗਿਆ ਹੈ।

ਹਰ ਕੋਈ ਜਾਣਦਾ ਹੈ ਕਿ ਸਾਡੀ ਪਾਰਲੀਮੈਂਟ ਵਿੱਚ ਬਿਲ ਕਿਵੇਂ ਰਖੇ ਜਾਂਦੇ ਹਨ, ਕਿਵੇਂ ਬਹਿਸ ਹੁੰਦੀ ਹੈ ਅਤੇ ਕਿਵੇਂ ਵੋਟਾ ਪੈਂਦੀਆਂ ਹਨ ਅਤੇ ਕਿਵੇਂ ਬਿਲ ਪਾਸ ਕਰਕੇ ਅਧਿਸੂਚਨਾ ਕਰ ਦਿਤੀ ਜਾਂਦੀ ਹੈ। ਸਾਡੇ ਮੁਲਕ ਦੇ ਰਾਜਸੀ ਲੋਕੀਂ ਵੀ ਜਾਣਦੇ ਹਨ ਅਤੇ ਆਮ ਆਦਮੀ ਵੀ ਜਾਣਦਾ ਹੈ ਕਿ ਸਾਡੀ ਪਾਰਲੀਮੈਂਟ ਮਹਾਨ ਹੈ ਅਤੇਜਿਹੜਾ ਬਿਲ ਇਥੇ ਪਾਸ ਕਰ ਦਿਤਾ ਜਾਂਦਾ ਹੈ ਉਹ ਕਾਨੂੰਨ ਬਣ ਜਾਂਦਾ ਹੈ ਅਤੇ ਫਿਰ ਕਿਸੇ ਵੀ ਪ੍ਰਧਾਨ ਮੰਤਰੀ ਪਾਸ ਤਾਕਤ ਨਹੀਂ ਰਹਿੰਦੀ ਕਿ ਉਹ ਕਾਨੂੰਨ ਵਾਪਸ ਲੈ ਲਵੇ। ਇਹ ਕਿਸਾਨਾ ਦਾ ਮੋਰਚਾ ਇਹ ਆਖ ਰਿਹਾ ਹੇ ਕਿ ਪ੍ਰਧਾਨ ਮੰਤਰੀ ਕਾਨੂੰਨ ਵਾਪਸ ਲੈ ਲਵੇ, ਪਰ ਮੁਲਕ ਦੇ ਕਾਨੂੰਨ ਮਾਹਿਰ ਵੀ ਇਹ ਨਹੀਂ ਦਸ ਰਹੇ ਕਿ ਪ੍ਰਧਾਨ ਮੰਤਰੀ ਇਹ ਕਾਨੂੰਨ ਵਪਸ ਕਿਵੇਂ ਲੈ ਸਕਦਾ ਹੈ। ਕਾਨੂੰਨ ਪਾਰਲੀਮੈਂਟ ਵਿੱਚ ਪਾਸ ਕੀਤੇ ਗਏ ਹਨ ਅਤੇ ਕਿਸੇ ਕਿਸਮ ਦੀ ਤਰਮੀਮ ਅਤੇ ਰਪੀਲ ਸਦਨ ਵਿੱਚ ਹੀ ਕੀਤੀ ਜਾ ਸਕਦੀ ਹੈ ਅਤੇ ਇਸ ਲਈ ਇਹ ਵਿਰੋਧੀ ਪਾਰਟੀਟਾਂ ਤਰਮੀਮਾ ਅਤੇ ਰਪੀਲਾਂ ਬਣਾਕੇ ਸਦਨ ਵਿੱਚ ਪੇਸ਼ ਨਹੀਂ ਕਰ ਰਹੇ ਹਨ ਅਤੇ ਇਉਂ ਪਿਆ ਲਗਦਾ ਹੈ ਇਹ ਵਿਰੋਧੀ ਧਿਰਾਂ ਵੀ ਅਸਲ ਵਿੱਚ ਜਾਣਦੇ ਹੀ ਨਹੀਂ ਹਨ ਕਿ ਕੀ ਕੀ ਤਰਮੀਮਾਂ ਅਤੇ ਰਪੀਲਾਂ ਕਰਨੀਆਂ ਹਨ। ਅਜ ਤਕ ਵਿਰੋਧੀ ਧਿਰਾਂ ਨੇ ਅਤੇ ਇਹ ਜਿਹੜੇ ਕਿਸਾਨ ਵੀ ਵਿਰੋਧਤਾ ਕਰ ਰਹੇ ਹਨ ਇਹ ਵੀ ਕਾਨੂੰਨੀ ਮਾਹਿਰਾਂ ਦੀ ਰਾਏ ਨਾਲ ਤਰਮੀਮਾਂ ਅਤੇ ਰਪੀਲਾਂ ਤਿਆਰ ਕਰਕੇ ਸਾਹਮਣੇ ਨਹੀਂ ਲਿਆ ਰਹੇ ਹਨ ਅਤੇ ਇਹੀ ਆਖੀ ਜਾ ਰਹੇ ਹਨ ਕਿ ਪ੍ਰਧਾਨ ਮੰਤਰੀ ਸਾਰੇ ਦੇ ਸਾਰੇ ਕਾਨੂੰਨ ਰਦ ਕਰ ਦੇਵੇ ਜਦਕਿ ਪ੍ਰਧਾਨ ਮੰਤਰੀ ਪਾਸ ਐਸੀ ਤਾਕਤ ਹੀ ਨਹੀਂ ਹੈ।

ਇਹ ਜਿਹੜੇ ਵੀ ਖੇਤੀ ਕਾਨੂੰਨ ਪਾਸ ਕੀਤੇ ਗਏ ਹਨ, ਵਿਰੋਧੀ ਬੋਲੇ ਸਨ, ਪਰ ਕਿਸੇ ਸੁਣੀ ਨਹੁ ਸੀ ਅਤੇ ਜਦ ਕਿਸਾਨਾਂ ਨੇ ਆਪ ਹੀ ਮੋਰਚਾ ਲਗਾ ਦਿਤਾ ਤਾਂ ਇਹ ਵਿਰੋਧੀ ਧਿਰਾਂ ਨੇ ਵੀ ਸਿਰਫ ਤਮਾਸ਼ਾਂ ਦੇਖਣਾ ਸ਼ੁਰੂ ਕਰ ਦਿਤਾ ਅਤੇ ਕਿਸੇ ਵੀ ਧਿਰ ਨੇ ਤਰਮੀਮਾਂ ਅਤੇ ਰਪੀਲਾਂ ਵਾਲਾ ਬਿਲ ਬਣਾਕੇ ਪਾਰਲੀਮੈਂਟ ਵਿੱਚ ਨਹੀਂ ਲਿਆਂਦਾ ਅਤ। ਇਸਦਾ ਮਤਲਬ ਇਹ ਵੀ ਨਿਕਲ ਸਕਦਾ ਹੈ ਕਿਮ ਸਾਡੀਆਂਵਿਰੋਧੀ ਧਿਰਾਂ ਪਾਸ ਵੀ ਕੋਈ ਖਾਸ ਗਲ ਮੌਜੂਦ ਨਹੀ ਹੈ।

ਜਿਥੋਂ ਤਕ ਆਮ ਲੋਕਾਂ ਦਾ ਸਬੰਧ ਹੈ ਇੰਨ੍ਹਾਂ ਦੀ ਰਾਏ ਇਸ ਮਬਲਕ ਵਿੱਚ ਲਿਤੀ ਹੀ ਨਹੁ ਜਾਂਦੀ ਹੈ ਅਤੇ ਇਹ ਵਿਚਾਰੇ ਬਸ ਇਹ ਘੋਲ ਦੇਖੀ ਜਾਂਦੇ ਹਨ ਅਤੇਨਾਂ ਬੋਲਦੇ ਹਨ ਅਤੇ ਨਾਂ ਹੀ ਕੁਝ ਕਰ ਹੀ ਸਕਦੇ ਹਨ।

*-ਦਲੀਪ ਸਿੰਘ ਵਾਸਨ, ਐਡਵੋਕੇਟ*
*101-ਸੀ ਵਿਕਾਸ ਕਲੋਨੀ, ਪਟਿਆਲਾ।*

# ਕਿਉਂ ਨਾ ਅਸੀਂ ਪਹਿਲਾਂ ਆਪਣੇ ਅੰਦਰ ਦੇ ਰਾਵਣ ਨੂੰ ਮਾਰੀਏ ?



ਰਾਵਣ ਨੂੰ ਹਰਾਉਣ ਦੇ ਲਈ ਪਹਿਲਾਂ ਖੁਦ ਰਾਮ ਬਣਨਾ ਪੈਂਦਾ ਹੈ।ਵਿਜੈ ਦਸ਼ਮੀ ਯਾਨੀ ਦੁਸ਼ਹਿਰੇ ਦਾ ਦਿਨ ਬੁਰਾਈ 'ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਹੈ।ਉਹ ਜਿੱਤ ਜੋ ਰਾਮ ਨੇ ਬੁਰਾਈ ਦੇ ਨੁੰਮਾਇੰਦੇ ਰਾਵਣ 'ਤੇ ਹਾਸਲ ਕੀਤੀ, ਉਹ ਰਾਵਣ ਜੋ ਬੁਰਾਈ ਦਾ, ਅਧਰਮ ਦਾ, ਹੰਕਾਰ ਅਤੇ ਪਾਪ ਦਾ ਪ੍ਰਤੀਕ ਹੈ।ਉਹ ਜਿੱਤ ਜਿਸ ਨੇ ਪਾਪ ਦੀ ਸਲਤਨਤ ਦਾ ਨਾਸ਼ ਕੀਤਾ ।ਪਰ ਕੀ ਬੁਰਾਈ ਹਾਰ ਗਈ? ਯੁੱਗਾਂ ਤੋਂ ਹਰੇਕ ਸਾਲ ਪੂਰੇ ਦੇਸ਼ ਵਿਚ ਰਾਵਣ ਦਾ ਪੁਤਲਾ ਸਾੜ ਕੇ ਦੁਸ਼ਹਿਰੇ ਦਾ ਤਿਓਹਾਰ ਮਨਾਇਆ ਜਾਂਦਾ ਹੈ। ਜੇਕਰ ਰਾਵਣ ਕਈ ਸਾਲ ਪਹਿਲਾਂ ਮਰ ਗਿਆ ਤਾਂ ਫਿਰ ਉਹ ਅੱਜ ਵੀ ਸਾਡੇ ਵਿਚਕਾਰ ਜਿਉਂਦਾ ਕਿਵੇਂ ਹੈ? ਜੇਕਰ ਰਾਵਣ ਦਾ ਨਾਸ਼ ਹੋ ਗਿਆ ਸੀ ਤਾਂ ਫਿਰ ਉਹ ਕੌਣ ਹੈ ਜਿਸ ਨੇ ਪਿਛੇ ਜਿਹੇ ਇਕ ਸੱਤ ਸਾਲ ਦੇ ਮਾਸੂਮ ਦੀ ਬੇਰਹਿਮੀ ਨਾਲ ਜਾਨ ਲੈਕੇ ਇਕ ਮਾਂ ਦੀ ਗੋਦ ਉਜਾੜ ਦਿੱਤੀ? ਉਹ ਕੌਣ ਹੈ ਜੋ ਆਏ ਦਿਨ ਸਾਡੀਆਂ ਬੱਚੀਆਂ ਨੂੰ ਆਪਣਾ ਸ਼ਿਕਾਰ ਬਣਾਉਂਦਾ ਹੈ। ਉਹ ਕੌਣ ਹੈ ਜੋ ਸਾਡੀਆਂ ਧੀਆਂ ਨੂੰ ਦਹੇਜ਼ ਦੇ ਲਈ ਮਾਰ ਦਿੰਦਾ ਹੈ? ਉਹ ਕੌਣ ਹੈ ਜੋ ਪੈਸੇ, ਪਹੁੰਚ ਅਤੇ ਪਹਿਚਾਣ ਦੇ ਦਮ 'ਤੇ ਕਿਸੇ ਹੋਰ ਦੇ ਹੱਕ ਨੂੰ ਮਾਰ ਕੇ ਉਸਦੀ ਥਾਂ ਨੌਕਰੀ ਲੈ ਲੈਂਦਾ ਹੈ? ਉਹ ਕੌਣ ਹੈ ਜੋ ਸਰਕਾਰੀ ਅਹੁਦੇ ਦਾ ਗਲਤ ਇਸਤੇਮਾਲ ਕਰਕੇ ਭ੍ਰਿਸ਼ਟਾਚਾਰ ਨੂੰ ਹੁੰਗਾਰਾ ਦਿੰਦਾ ਹੈ? ਉਹ ਕੌਣ ਹੈ ਜੋ ਕਿਸੇ ਦੁਰਘਟਨਾ 'ਚ ਫੱਟੜਾਂ ਦੇ ਦਰਦ ਨੂੰ ਨਜ਼ਰਅੰਦਾਜ਼ ਕਰਦੇ ਹੋਏ ਉਨ੍ਹਾਂ ਨੂੰ ਹਸਪਤਾਲ ਲਿਜਾਣ ਦੀ ਥਾਂ, ਘਟਨਾ ਦੀ ਵੀਡੀਓ ਬਣਾਉਣਾ ਜਿਆਦਾ ਜਰੂਰੀ ਸਮਝਦਾ ਹੈ? ਇਕ ਰਾਵਣ ਉਹ ਸੀ ਜਿਸ ਨੇ ਕੜੀ ਤਪੱਸਿਆ ਕਰਕੇ ਪ੍ਰਮਾਤਮਾ ਤੋਂ ਸ਼ਕਤੀਆਂ ਹਾਸਲ ਕੀਤੀਆਂ ਅਤੇ ਇਨ੍ਹਾਂ ਸ਼ਕਤੀਆਂ ਦੇ ਗਲਤ ਇਸਤੇਮਾਲ ਨਾਲ ਆਪਣੀ ਪਾਪ ਦੀ ਲੰਕਾ ਖੜੀ ਕੀਤੀ।ਅਤੇ ਇਕ ਅੱਜ ਦਾ ਰਾਵਣ ਹੈ ਜੋ ਪੈਸੇ, ਅਹੁਦੇ, ਸਰਕਾਰੀ ਵਰਦੀ ਰੂਪੀ ਸ਼ਕਤੀਆਂ ਨੂੰ ਹਾਸਲ ਕਰਕੇ ਉਨ੍ਹਾਂ ਦੇ ਗਲਤ ਇਸਤੇਮਾਲ ਨਾਲ ਪੂਰੇ ਸਮਾਜ ਨੂੰ ਹੀ ਪਾਪ ਦੀ ਲੰਕਾ ਵਿਚ ਬਦਲ ਰਿਹਾ ਹੈ।



ਹਰਪ੍ਰੀਤ ਸਿੰਘ ਬਰਾੜ
ਮੇਨ ਏਅਰ ਫੋਰਸ ਰੋਡ, ਬਠਿੰਡਾ

ਕੀ ਇਹ ਰਾਵਣ ਨਹੀਂ ਹੈ ਜੋ ਅੱਜ ਵੀ ਸਾਡੇ ਹੀ ਅੰਦਰ ਸਾਰੇ ਸਮਾਜ 'ਚ ਜਿਉਂਦਾ ਹੈ? ਅਸੀਂ ਬਾਹਰ ਉਸਦਾ ਪੁਤਲਾ ਸਾੜਦੇ ਹਾਂ ਪਰ ਆਪਣੇ ਅੰਦਰ ਉਸ ਨੂੰ ਪਾਲਦੇ ਵੀ ਹਾਂ। ਸਿਰਫ ਉਸਨੂੰ ਪਾਲਦੇ ਹੀ ਨਹੀਂ ਸਗੋਂ ਅੱਜ ਕੱਲ ਤਾਂ ਸਾਨੂੰ ਰਾਮ ਤੋਂ ਜਿਆਦਾ ਰਾਵਣ ਆਪਣੇ ਵੱਲ ਖਿੱਚਣ ਲੱਗ ਗਿਆ ਹੈ।ਸਾਡੇ ਸਮਾਜ ਵਿਚ ਅੱਜ ਰਾਮ ਦੀ ਥਾਂ ਰਾਵਣ ਦੀ ਸੰਗਿਆ ਜਿਆਦਾ ਸਟੀਕ ਬੈਠ ਰਹੀ ਹੈ।ਕਿਸੇ ਸਾਜ਼ਿਸ਼ ਦੇ ਅਧੀਨ ਸਾਡੇ ਸਮਾਜ ਦੀਆਂ ਨੈਤਿਕ ਅਤੇ ਸਮਾਜਕ ਕਦਰਾਂ - ਕੀਮਤਾਂ ਦੀ ਮੂਲ ਵਿਚਾਰਧਾਰਾ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਬਦਣਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਬੁਰਾਈ,ਹੰਕਾਰ,ਅਧਰਮ ਦਾ ਪ੍ਰਤੀਕ ਰਾਵਣ ਅੱਜ ਤੱਕ ਇਸ ਲਈ ਜਿਉਂਦਾ ਹੈ,ਕਿਉਂਕਿ ਅਸੀਂ ਉਸ ਨੂੰ ਸਾੜਣ ਦੀ ਥਾਂ ,ਉਸਦੇ ਪ੍ਰਤੀਕ ਸਿਰਫ ਇਕ ਪੁਤਲੇ ਨੂੰ ਸਾੜਦੇ ਹਾਂ।ਹਾਲਾਂਕਿ ਜੇਕਰ ਅਸੀਂ ਰਾਵਣ ਦਾ ਵਾਕਈ ਨਾਸ਼ ਕਰਨਾ ਹੈ ਤਾਂ ਸਾਨੂੰ ਪੁਤਲੇ ਦੀ ਥਾਂ ਰਾਵਣ ਨੂੰ ਹੀ ਸਾੜਨਾ ਪਵੇਗਾ।

ਉਹ ਰਾਵਣ ਜੋ ਸਾਡੇ ਹੀ ਅੰਦਰ ਹੈ ਲਾਲਚ ਦੇ ਰੂਪ 'ਚ, ਝੂਠ ਬੋਲਣ ਦੀ ਆਦਤ ਦੇ ਰੂਪ 'ਚ, ਹੰਕਾਰ ਦੇ ਰੂਪ 'ਚ, ਸਵਾਰਥ ਦੇ ਰੂਪ 'ਚ, ਆਲਸ ਦੇ ਰੂਪ 'ਚ, ਅਹੁਦੇ ਅਤੇ ਪੈਸੇ ਦੀ ਤਾਕਤ ਦੇ ਰੂਪ 'ਚ, ਅਜਿਹੇ ਹੋਰ ਕਿੰਨੇ ਹੀ ਰੂਪ ਹਨ ਜਿਨ੍ਹਾਂ 'ਚ ਲੁਕ ਕੇ ਰਾਵਣ ਸਾਡੇ ਅੰਦਰ ਰਹਿੰਦਾ ਹੈ, ਸਾਨੂੰ ਇਨ੍ਹਾਂ ਸਾਰੇ ਰਾਵਣਾਂ ਨੂੰ ਸਾੜਨਾ ਪਵੇਗਾ। ਇਨ੍ਹਾਂ ਦਾ ਨਾਸ਼ ਅਸੀਂ ਕਰ ਸਕਦੇ ਹਾਂ ਅਤੇ ਸਾਨੂੰ ਹੀ ਕਰਨਾ ਵੀ ਪਵੇਗਾ।

ਜਿਸ ਤਰ੍ਹਾਂ ਹਨੇਰੇ ਦਾ ਨਾਸ਼ ਕਰਨ ਦੇ ਲਈ ਇਕ ਛੋਟਾ ਜਿਹਾ ਦੀਵਾ ਹੀ ਕਾਫ਼ੀ ਹੈ, ਉਸੇ ਤਰ੍ਹਾਂ ਸਾਡੇ ਸਮਾਜ ਵਿਚ ਲੁਕੇ ਇਸ ਰਾਵਣ ਦਾ ਨਾਸ਼ ਕਰਨ ਲਈ ਇਕ ਸੋਚ ਹੀ ਕਾਫੀ ਹੈ। ਜੇਕਰ ਅਸੀਂ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸੰਸਕਾਰੀ ਬਣਾਵਾਂਗੇ, ਉਨ੍ਹਾਂ ਨੂੰ ਨੈਤਿਕਤਾ ਦਾ ਗਿਆਨ ਦੇਵਾਂਗੇ, ਖੁਦ ਰਾਮ ਬਣਕੇ ਉਨ੍ਹਾਂ ਦੇ ਅੱਗੇ ਮਿਸਾਲ ਪੇਸ਼ ਕਰਾਂਗੇ ਤਾਂ ਐਨੇ ਸਾਰੇ ਰਾਮਾਂ ਵਿਚ ਕੀ ਰਾਵਣ ਟਿਕ ਪਾਵੇਗਾ ?

ਕਿਉਂ ਅਸੀਂ ਪੂਰੇ ਇਕ ਸਾਲ ਰਾਵਣ ਨੂੰ ਸਾੜ ਕੇ ਮਾਰਨ ਲਈ ਇੰਤਜਾਰ ਕਰਦੇ ਹਾਂ? ਉਹ ਸਤਯੁੱਗ ਸੀ ਜਦੋਂ ਇਕ ਹੀ ਰਾਵਣ ਸੀ ਪਰ ਅੱਜ ਕਲਯੁੱਗ ਹੈ ਅੱਜ ਅਨੇਕਾਂ ਰਾਵਣ ਹਨ। ਉਸ ਰਾਵਣ ਦੇ ਦਸ ਸਿਰ ਸਨ ਪਰ ਹਰੇਕ ਸਿਰ ਦਾ ਇਕੋਂ ਚਿਹਰਾ ਸੀ ਜਦਕਿ ਅੱਜ ਦੇ ਰਾਵਣ ਦਾ ਸਿਰ ਭਾਵੇਂ ਇਕੋ ਹੈ ਪਰ ਚਿਹਰੇ ਅਨੇਕਾਂ ਹਨ।

ਚਿਹਰੇ 'ਤੇ ਚਿਹਰੇ ਹਨ, ਜੋ ਨਕਾਬਾਂ ਪਿੱਛੇ ਛਿਪੇ ਹੋਏ ਹਨ। ਇਸੇ ਲਈ ਇਨ੍ਹਾਂ ਦੇ ਖਾਤਮੇ ਲਈ ਸਿਰਫ ਇਕ ਦਿਨ ਹੀ ਕਾਫ਼ੀ ਨਹੀਂ ਹੈ। ਇਨ੍ਹਾਂ ਨੂੰ ਰੋਜ਼ ਮਾਰਨਾ ਸਾਨੂੰ ਆਪਣੀ ਰੋਜਾਨਾ ਦੀ ਜਿੰਦਗੀ 'ਚ ਸ਼ਾਮਲ ਕਰਨਾ ਪਵੇਗਾ। ਉਸ ਰਾਵਣ ਨੂੰ ਰਾਮ ਨੇ ਤੀਰ ਨਾਲ ਮਾਰਿਆ ਸੀ, ਅੱਜ ਸਾਨੂੰ ਸਭ ਨੂੰ ਰਾਮ ਬਣਕੇ ਅੱਜ ਦੇ ਰਾਵਣ ਨੂੰ ਸੰਸਕਾਰਾਂ ਨਾਲ, ਗਿਆਨ ਨਾਲ ਅਤੇ ਆਪਣੀ ਦ੍ਰਿਢ ਇੱਛਾ ਸ਼ਕਤੀ ਨਾਲ ਮਾਰਨਾ ਪਵੇਗਾ।

## ਸਿਆਣੇ ਬਿਆਣੇ

ਮਿੰਨੀ ਕਹਾਣੀਆਂ

ਜਾਗੀਰ ਸਿੰਘ ਨੇ ਆਪਣੀ ਕੋਠੀ ਨਵਿਆਉਣ ਲਈ ਬੈਂਕ ਤੋਂ ਤੀਹ ਲੱਖ ਰੁਪਏ ਦਾ ਕਰਜ਼ਾ ਲਿਆ ਸੀ। ਇਹ ਕਰਜ਼ਾ ਦੋਵੇਂ ਪਤੀ ਪਤਨੀ ਦੇ ਨਾਂਅ ਸੀ ਕਿਉਂਕਿ ਕੋਠੀ ਵੀ ਦੋਵਾਂ ਦੇ ਨਾਂਅ ਸੀ।

ਪ੍ਰੀਵਾਰ ਇੱਕਠਾ ਹੋਣ ਕਾਰਨ ਉਹ ਕਰਜ਼ੇ ਦੀ ਕਿਸ਼ਤ ਵੀ ਚੰਗੀ ਦਿੰਦੇ ਸਨ। ਦੋਵੇਂ ਲੜਕੇ ਵੀ ਪੰਦਰਾਂ ਪੰਦਰਾਂ ਹਜ਼ਾਰ ਦੀ ਕਿਸ਼ਤ ਉਤਾਰਣ ਲਈ ਦੇ ਰਹੇ ਸਨ।ਛੇ ਸਾਲ ਵਿਚ ਉਹਨਾਂ ਦਾ ਕਰਜ਼ਾ ਹੁਣ ਬਾਰਾਂ ਲੱਖ ਰੁਪਏ ਰਹਿ ਗਿਆ ਸੀ।

ਜਾਗੀਰ ਸਿੰਘ ਉਮਰ ਦੇ ਪੱਚਾਸੀਵੇਂ ਸਾਲ ਵਿਚ ਸੀ। ਹੁਣ ਉਹ ਸੋਚਣ ਲੱਗਾ ਕਿ ਕਿਤੇ ਉਹ ਇਸ ਸੰਸਾਰ ਤੋਂ ਚਲੇ ਜਾਣ ਮਗਰੋਂ ਆਪਣੇ ਸਿਰ ਕਰਜ਼ਾ ਨਾ ਛੱਡ ਜਾਵੇ। ਉਹਦੇ ਜਾਣ ਮਗਰੋਂ ਆਪਣੇ ਸਿਰ ਕਰਜ਼ਾ ਛੱਡ ਜਾਣ ਦੇ ਝੋਰੇ ਕਾਰਨ ਉਹ ਹਰ ਰੋਜ਼ ਸਿਰ ਫੜ੍ਹ ਕੇ ਬਹਿ ਜਾਂਦਾ।

ਇੱਕ ਦਿਨ ਜਾਗੀਰ ਸਿੰਘ ਦਾ ਵੱਡਾ ਪੋਤਾ ਕੋਲ ਬਹਿ ਕੇ ਕਹਿਣ ਲੱਗਾ, 'ਦਾਦੂ ਜੀ, ਤੁਸੀਂ ਕਰਜ਼ੇ ਦਾ ਫਿਕਰ ਕਰਦੇ ਰਹਿੰਦੇ ਹੋ... ਠੀਕ ਹੈ ਆਪਾਂ ਨੂੰ ਉਸ ਵੇਲੇ ਕਰਜ਼ੇ ਦੀ ਲੋੜ ਸੀ.. ਆਪਾਂ ਨੇ ਬੈਂਕ ਤੋਂ ਕਰਜ਼ਾ ਲੈ ਕੇ ਅਤੇ ਆਪਣੇ ਕੋਲੋਂ ਪੈਸੇ ਪਾ ਕੇ ਰੈਨੋਵੇਸ਼ਨ ਉੱਤੇ ਪੰਜਾਹ ਲੱਖ ਖਰਚਿਆ ਸੀ... ਹੁਣ ਸਿਰਫ਼ ਬਾਰਾਂ ਲੱਖ ਰਹਿੰਦਾ ਹੈ ਅਤੇ ਵਿਆਜ਼ ਹਰ ਮਹੀਨੇ ਉੱਤੋਂ ਦਿੰਦੇ ਹਾਂ... ਦਾਦੂ ਜੀ ਕਿਉਂ ਵਾਧੂ ਵਿਆਜ਼ ਦੇ ਰਹੇ ਹਾਂ?.. ਕੋਲੋਂ ਤਿੰਨੇ ਜਣੇ ਚਾਰ ਚਾਰ ਲੱਖ ਪਾ ਕੇ ਫਾਹਾ ਵੱਢੋ ਕਰਜ਼ੇ ਦਾ...। ਹੌਲੇ ਫੁੱਲ ਹੋਵੇ...। ਨਾਲੇ ਦਸ ਹਜ਼ਾਰ ਵਿਆਜ ਦਾ ਬਚੂ... ਨਾਲੇ ਕਿਸ਼ਤ ਪੰਤਾਲੀ ਹਜ਼ਾਰ ਦੇਣੀ ਬਚੂ... ਨਾਲੇ ਰਜਿਸਟਰੀ ਘਰ ਆਊ.. ਤੁਸੀਂ ਆਪਣੇ ਹੱਥੀਂ ਰਜਿਸਟਰੀ ਲੈ ਕੇ ਆਉਣਾ, ਆਪਣੇ ਘਰ ਦੀ ਬੈਂਕ ਤੋਂ .. ਕਿਊਂ?' ਪੋਤੇ ਨੇ ਦਾਦੂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ।

ਜਾਗੀਰ ਸਿੰਘ ਅਤੇ ਸਾਰੇ ਪ੍ਰੀਵਾਰ ਨੂੰ ਪੋਤੇ ਦੀ ਗੱਲ ਜੱਚ ਗਈ।

ਅੱਜ ਜਾਗੀਰ ਸਿੰਘ ਆਪਣੇ ਲੜਕਿਆਂ ਅਤੇ ਪੋਤੇ ਨਾਲ ਬੈਂਕ ਵਿਚ ਕਰਜ਼ੇ ਦਾ ਬਕਾਇਆ ਭਰਾ ਰਿਹਾ ਸੀ। ਐਫ.ਡੀ.ਆਰਜ਼ ਟੁੱਟਣ ਵਿਚ ਚਿਰ ਲੱਗ ਰਿਹਾ ਸੀ। ਕਦੇ ਕੰਪਿਊਟਰ ਖ਼ਰਾਬ ਹੋ ਜਾਂਦੈ, ਕਦੇ ਠੀਕ। ਕਦੇ ਬਿਜਲੀ ਚਲੀ ਜਾਂਦੀ, ਕਦੇ ਆ ਜਾਂਦੀ। ਕਦੇ ਸਰਵਰ ਚਲਾ ਜਾਂਦਾ। ਜਾਗੀਰ ਸਿੰਘ ਨੂੰ ਐਨਾ ਲੰਮਾ ਸਮਾਂ ਬੈਠਣਾ ਔਖਾ ਲੱਗ ਰਿਹਾ ਸੀ। ਉਹਨੇ ਤਾਂ ਹੁਣ ਮੰਜੇ ਉੱਤੇ ਲੇਟਿਆ ਹੋਣਾ ਸੀ। ਉਹ ਆਪਣਾ ਸਮਾਂ ਬਤੀਤ ਕਰਨ ਲਈ ਕਦੇ ਬਾਹਾਂ ਸਿਰ ਪਿੱਛੇ ਕਰਕੇ ਸੋਫ਼ੇ ਦੇ ਪਿੱਛੇ ਝੁੱਕ ਜਾਂਦਾ। ਕਦੇ ਐਧਰਲੀਆਂ ਓਧਰਲੀਆਂ ਗੱਲਾਂ ਕਰਨ ਲੱਗ ਜਾਂਦਾ। ਬੈਂਕ ਮੈਨੇਜਰ ਲੜਕੀ ਨੇ ਪੁੱਛਿਆ, 'ਕੀ ਲੋਨ ਦਾ ਇੰਸੋਰੈਂਸ ਕਰਵਾਇਆ ਹੈ...?'

'ਹਾਂ ਹਾਂ ਮੈਡਮ ਹਾਂ.... ਇੰਸੋਰੈਂਸ ਕਰਵਾਇਆ ਹੋਇਐ..।' ਲੜਕੇ ਨੇ ਤੁਰੰਤ ਜੁਆਬ ਦਿੱਤਾ।

'ਫੇਰ ਕੀ ਲੋੜ ਸੀ ਮੋੜਨ ਦੀ... ਫੇਰ ਤਾਂ ਇਹਨਾਂ ਦੇ ਮਗਰੋਂ ਰਾਈਟ ਆਫ਼ ਹੋ ਜਾਣਾ ਸੀ..ਆਪੇ...।' ਮੈਨੇਜਰ ਲੜਕੀ ਹਮਦਰਦੀ ਨਾਲ ਬੋਲ ਰਹੀ ਸੀ।

'ਮੈਂ ਤਾਂ ਭਾਈ ਕਿਹਾ ਸੀ ਇਹਨਾਂ ਨੂੰ ਕਿ ਮੇਰੇ ਜ਼ਹਿਰ ਦਾ ਟੀਕਾ ਲਵਾ ਦਿਉ... ਤੁਹਾਨੂੰ ਮੌਜ ਹੋ ਜਾਊ..।' ਜਾਗੀਰ ਸਿੰਘ ਜਿਵੇਂ ਕਰਜ਼ਾ ਮੁੱਕਣ ਦੀ ਖ਼ੁਸ਼ੀ ਵਿਚ ਚਾਂਬਲ ਕੇ ਬੋਲ ਰਿਹਾ ਹੋਵੇ।

'ਦੇਖੋ ਅੰਕਲ। ਤੁਸੀਂ ਸਿਆਣੇ-ਬਿਆਣੇ ਹੋ ਕੇ ਅਜਿਹੀ ਗੱਲ ਕਹਿ ਰਹੇ ਹੋ..। ਪ੍ਰੈਕਟੀਕਲ ਗੱਲ ਕਰਨੀ ਚਾਹੀਦੀ ਹੈ, ਅੰਕਲ ਪ੍ਰੈਕਟੀਕਲ, ਜਿਹੜੀ ਸ਼ੋਭਦੀ ਹੋਵੇ...।' ਮੈਨੇਜਰ ਕੁੜੀ ਨੇ ਗੰਭੀਰ ਹੁੰਦਿਆਂ ਜਾਗੀਰ ਸਿੰਘ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਿਹਾ।

ਜਾਗੀਰ ਸਿੰਘ ਜਿਹੜਾ ਸਾਰੀ ਉਮਰ ਦੂਜਿਆਂ ਨੂੰ ਅਕਲਾਂ ਦਿੰਦਾ ਰਿਹਾ ਸੀ, ਬਿੰਦ ਦੀ ਬਿੰਦ ਠਠੰਬਰ ਗਿਆ। ਉਹ ਜਿਵੇਂ ਸੁੰਨ ਹੋ ਗਿਆ ਹੋਵੇ।

'ਸਿਆਣੇ-ਬਿਆਣੇ' ਸ਼ਬਦ ਨੇ ਜਿਵੇਂ ਉਹਦੇ ਕਾਲਜੇ ਵਿਚ ਛੁਰੀ ਗੱਡ ਦਿੱਤੀ ਹੋਵੇ।

********

## ਇਨਾਮ-ਸਨਮਾਨ

ਦੋ ਵਿਦਵਾਨ ਬੈਠੇ ਇਨਾਮਾਂ-ਸਨਮਾਨਾਂ ਬਾਰੇ ਗੱਲਾਂ ਕਰ ਰਹੇ ਸਨ। ਦੋਵੇਂ ਦੋਸਤ ਸਨ। ਜਦੋਂ ਮਿਲਦੇ ਬਹਿਸਦੇ ਬਹਿਸਦੇ ਬਹਿਸ ਵਿਚ ਉਲਝ ਜਾਂਦੇ। ਇੱਕ ਕੁੱਝ ਕਹਿੰਦਾ, ਦੂਜਾ ਕੁੱਝ ਹੋਰ। ਅੱਜ ਵੀ ਸਾਹਿਤਕ ਇਨਾਮਾਂ ਦੇ ਠੀਕ ਅਤੇ ਗ਼ਲਤ ਮਿਲਣ ਬਾਰੇ ਬਹਿਸ ਕਰਦਿਆਂ ਝੜ ਫਸ ਗਈ ਸੀ।

ਪਹਿਲੇ ਨੇ ਕਿਹਾ, 'ਗੱਲ ਸੁਣ ਯਾਰ, ਮੈਂ ਤੈਨੂੰ ਸੋ ਦੀ ਇੱਕ ਸੁਣਾ ਦਿੰਦਾ ਹਾਂ, ਫਿਰ ਨਾ ਕਹੀਂ ਮੈਂ ਆਪਣੀ ਗੱਲ ਦੀ ਪੁਸ਼ਟੀ ਕਰਨ ਲਈ ਲੰਮੀ ਕਹਾਣੀ ਛੇੜ ਲੈਂਦਾ ਹਾਂ।'

'ਚੱਲ ਤੂੰ ਕਰ ਤਾਂ ਸਹੀ ਪੁਸ਼ਟੀ ... ਦੇਖਾਂ ਤੂੰ ਕਿਵੇਂ ਪੁਸ਼ਟੀ ਕਰਦੈਂ ਭਲਾਂ... ਨਾਲੇ ਛੇੜ ਲਈ ਲੰਮੀ ਕਹਾਣੀ..' ਦੂਜਾ ਬੋਲਿਆ।

'ਸੁਣ ਲੈ... ਅਸੀਂ ਛੋਟੇ ਹੁੰਦੇ ਪਿੰਡ ਵਿਚ ਬਰਾਤ ਵਿਦਾਅ ਹੋਣ ਵੇਲੇ ਲਾੜੇ ਦੀ ਗੱਡੀ ਅੱਗੇ ਖੜ ਜਾਂਦੇ ਸਾਂ ਤਾਕਿ ਲਾੜੇ ਦੀ ਗੱਡੀ ਉਪਰੋਂ ਪੈਸਿਆਂ ਦੀ ਹੋ ਰਹੀ ਛੋਟ ਵੇਲੇ ਮੂਹਰੇ ਹੋ ਕੇ ਕਾਹਲੀ ਕਾਹਲੀ ਪੈਸੇ ਚੁੱਗ ਸਕੀਏ... ਪੈਸੇ ਚੁਗਣ ਲੱਗੇ ਅਸੀਂ ਬੱਚੇ ਆਪਸ ਵਿਚੀਂ ਧੱਕਮ-ਧੱਕਾ ਹੋ ਜਾਂਦੇ,... ਅਸੀਂ ਬੱਚੇ ਤਾਂ ਆਪਸ ਵਿਚੀਂ ਲੜੀ ਭਿੜੀ ਜਾਂਦੇ, ... ਪਰ ਸਾਡੇ ਉਪਰ ਕੱਪੜਾ ਤਾਣੀ ਖੜੇ ਬੰਦੇ ਬਹੁਤੇ ਪੈਸੇ ਉਪਰੋਂ ਬੋਚ ਲੈਂਦੇ... ਅੱਜ ਵੀ ਇਨਾਮ-ਸਨਮਾਨ ਕੱਪੜਾ ਤਾਣੀ ਖੜੇ ਉੱਪਰੇ ਬੋਚ ਲੈਂਦੇ ਨੇ ਮਿੱਤਰਾ...ਇਹਨਾਂ ਜੁਗਾੜੀਆਂ ਅੱਗੇ ਕਿਹੜਾ ਖੜ ਜੂ... ਸਮਝਿਆ ਕਿ ਨਹੀਂ...?

'ਵਾਹ ਬਈ ਵਾਹ, ਇਹ ਤਾਂ ਤੇਰੀ ਗੱਲ ਬਿਲਕੁਲ ਠੀਕ ਐ, ਜੁਗਾੜੀਆਂ ਅੱਗੇ ਨਾ ਕੋਈ ਟਿੱਕ ਗਿਆ...।'

ਹੁਣ ਦੋਵੇਂ ਵਿਦਵਾਨ ਦੋਸਤ ਤਾੜੀਆਂ ਮਾਰ ਕੇ ਹੱਸ ਹੱਸ ਦੂਹਰੇ ਹੋ ਰਹੇ ਸਨ।

*-ਰਿਪੁਦਮਨ ਸਿੰਘ ਰੂਪ*
*2249, ਫੇਜ਼-10, ਮੋਹਾਲੀ*
*98767-68960*



